**ASIAN AMERICAN LEGAL DEFENSE AND EDUCATION FUND**
*99 HUDSON STREET, 12th FL, NEW YORK, NY 10013-2815 212.966.5932 FAX 212.966.4303*

# ਮੇਰੇ ਲਈ "ਡਿਫਰਡ ਐਕਸ਼ਨ ਫਾਰ ਚਾਈਲਡਹੁਡ ਐਰਾਇਵਲਸ" (DACA) ਦਾ ਕੀ ਮਹੱਤਵ ਹੈ?

ਜਵਾਨ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਤੋਂ ਰੋਕਣ ਲਈ ਰਾਸ਼ਟਰਪਤੀ ਓਬਾਮਾ (Obama) ਨੇ 15 ਜੂਨ, 2012 ਨੂੰ "ਸਥਗਤ ਕਾਰਵਾਈ" ਦੀ ਸਥਿਤੀ ਨੂੰ ਸਵੀਕਾਰ ਕੀਤਾ ਹੈ। ਤੁਹਾਡੇ ਤੇ ਹੁਣ "ਡਿਫਰਡ ਐਕਸ਼ਨ ਫਾਰ ਚਾਈਲਡਹੁਡ ਐਰਾਇਵਲਸ" ਲਈ ਵਿਚਾਰ ਕੀਤਾ ਜਾ ਸਕਦਾ ਹੈ ਜੇ ਤੁਸੀਂ ਹੇਠਾਂ ਦਿੱਤੇ ਪਾੱਤਰਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ। ਪਰ, ਸਥਗਤ ਕਾਰਵਾਈ ਹੋਣ ਤੋਂ ਇਹ ਭਾਵ ਨਹੀਂ ਹੁੰਦਾ ਹੈ ਕਿ ਤੁਹਾਨੂੰ ਗ੍ਰੀਨ ਕਾਰਡ ਜਾਂ ਨਾਗਰਕਤਾ ਮਿਲ ਸਕਦੀ ਹੈ।

| **ਪਾੱਤਰਤਾ ਮਾਪਦੰਡ**<br>ਤੁਸੀਂ ਸਥਗਤ ਕਾਰਵਾਈ ਲਈ ਪਾੱਤਰ ਹੋ ਸਕਦੇ ਹੋ ਜੇ ਤੁਸੀਂ: | **ਪਰ ਰੁਕੋ**! ਹੋ ਸਕਦਾ ਹੈ ਕਿ ਤੁਸੀਂ ਪਾੱਤਰ ਨਾ ਹੋਵੇ ਜੇ ਤੁਸੀਂ ਹੇਠਾਂ ਸਮੇਤ, ਪ੍ਰਵਾਸ ਸਬੰਧੀ ਉਲੰਘਣਾਵਾਂ ਕੀਤੀਆਂ ਹਨ: |
|---|---|
| 1. 15 ਅਤੇ 30 ਸਾਲ ਦੀ ਉਮਰ ਦੇ ਵਿੱਚ ਦੇ ਹੋ;<br>2. 16 ਸਾਲ ਦੀ ਉਮਰ ਦੇ ਹੋਣ ਤੋਂ ਪਹਿਲਾਂ ਅਮਰੀਕਾ ਆਏ;<br>3. 15 ਜੂਨ, 2007 ਤੋਂ ਲਗਾਤਾਰ ਅਮਰੀਕਾ ਵਿੱਚ ਰਹਿੰਦੇ ਆ ਰਹੇ ਹੋ;<br>4. 15 ਜੂਨ, 2012 ਨੂੰ ਅਤੇ ਅਰਜ਼ੀ ਦਿੱਤੇ ਸਮੇਂ ਤੇ ਅਮਰੀਕਾ ਵਿੱਚ ਮੌਜੂਦ ਸੀ;<br>5. 15 ਜੂਨ, 2012 ਤੋਂ ਪਹਿਲਾਂ ਜਾਂ 15 ਜੂਨ, 2012 ਤੋਂ ਤੁਹਾਡੀ ਕਨੂੰਨੀ ਸਥਿਤੀ ਦੀ ਮਿਆਦ ਖਤਮ ਹੋਣ ਤੇ ਬਿਨਾਂ ਕਿਸੇ ਜਾਂਚ-ਪੜਤਾਲ ਤੋਂ ਦਾਖਲ ਹੋਏ; ਅਤੇ<br>6. ਵਰਤਮਾਨ ਵਿੱਚ ਕਿਸੇ ਸਕੂਲ, ਹਾਈ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ, GED ਪ੍ਰਾਪਤ ਕੀਤੀ, ਕਿਸੇ ਐਸੋਸਿਏਟ ਜਾਂ ਬੈਚਲਰ ਦੀ ਡਿਗਰੀ ਦੇ ਨਾਲ ਸਿੱਖਿਆ ਪ੍ਰਾਪਤ ਕੀਤੀ ਹੈ, ਜਾਂ ਕੋਸਟ ਗਾਰਡ ਜਾਂ ਆਰਮਡ ਫੋਰਸ ਦੇ ਸਤਿਕਾਰਯੋਗ ਢੰਗ ਨਾਲ ਕੱਢੇ ਪੁਰਾਣੇ ਸਿਪਾਹੀ ਹੋ। | ➢ ਜੇਲ੍ਹ ਵਿੱਚ 1 ਸਾਲ ਤੋਂ ਜ਼ਿਆਦਾ ਲਈ ਕਿਸੇ ਅਪਰਾਧ, ਦੰਡਯੋਗ ਅਪਰਾਧ ਦਾ ਦੋਸ਼ੀ ਪਾਇਆ ਗਿਆ ਹੈ;<br>➢ ਜੇਲ੍ਹ ਵਿੱਚ 6 ਦਿਨ ਤੋਂ 1 ਸਾਲ ਤਕ ਦੇ ਵਿੱਚ ਦੇ ਸਮੇਂ ਲਈ ਕਿਸੇ ਮਹੱਤਵਪੂਰਨ ਦੁਸ਼ਕਾਰਜ, ਦੰਡਯੋਗ ਅਪਰਾਧ ਦਾ ਦੋਸ਼ੀ ਪਾਇਆ ਗਿਆ ਹੈ ਅਤੇ ਇਸ ਵਿੱਚ ਸ਼ਾਮਲ ਹਨ: ਘਰੇਲੂ ਹਿੰਸਾ, ਯੋਨ ਸ਼ੋਸ਼ਨ ਜਾਂ ਸ਼ੋਸ਼ਨ, ਚੋਰੀ, ਅਵੈਧ ਕਬਜ਼ਾ ਜਾਂ ਕਿਸੇ ਹਥਿਆਰ ਦੀ ਵਰਤੋਂ ਕਰਨਾ, ਨਸ਼ੀਲੇ ਪਦਾਰਥ ਦਾ ਵਿਭਾਜਨ ਜਾਂ ਗੈਰ-ਕਨੂੰਨੀ ਵਪਾਰ ਕਰਨਾ, DUI, ਜਾਂ ਕੋਈ ਵੀ ਅਜਿਹਾ ਅਪਰਾਧ ਜਿਸ ਲਈ ਤੁਹਾਨੂੰ 90 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਜੇਲ੍ਹ ਦੀ ਸਜ਼ਾ ਦਿੱਤੀ ਗਈ ਸੀ;<br>➢ 3 ਜਾਂ ਜ਼ਿਆਦਾ ਦੁਸ਼ਕਾਰਜਾਂ, ਛੋਟੇ ਅਪਰਾਧਾਂ ਦਾ ਦੋਸ਼ੀ ਪਾਇਆ ਗਿਆ ਹੈ; ਜਾਂ<br>➢ ਰਾਸ਼ਟਰੀ ਸੁਰੱਖਿਆ ਜਾਂ ਸਮਾਜਕ ਸੁਰੱਖਿਆ ਨੂੰ ਖਤਰਾ ਪਹੁੰਚਾਉਣ ਦਾ ਜਤਨ ਕਰਦੇ ਹੋ। |
| **ਸਥਗਤ ਕਾਰਵਾਈ ਲਈ ਅਰਜ਼ੀਆਂ ਹੁਣ www.uscis.gov/childhoodarrivals ਤੇ ਉਪਲਬਧ ਹਨ** | |

## ਫਾਇਦੇ

ਸਥਗਤ ਕਾਰਵਾਈ ਦੇਸ਼ ਨਿਕਾਲਾ ਹੋਣ ਤੋਂ ਤੁਹਾਨੂੰ ਬਚਾਉਂਦੀ ਹੈ ਅਤੇ ਇਹ ਤੁਹਾਨੂੰ ਕੰਮ ਦੇ ਪਰਮਿਟ ਲਈ ਅਰਜ਼ੀ ਦੇਣ ਦੀ ਆਗਿਆ ਦਿੰਦੀ ਹੈ। ਇਸ ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿੱਥੇ ਰਹਿੰਦੇ ਹੋ, ਪਾੱਤਰ ਵਿਦਿਆਰਥੀ ਡ੍ਰਾਈਵਰ ਦੇ ਲਾਇਸੈਂਸ ਅਤੇ ਇੱਕ ਸਮਾਜਕ ਸੁਰੱਖਿਆ ਨੰਬਰ ਲਈ ਵੀ ਅਰਜ਼ੀ ਦੇ ਸਕਦੇ ਹਨ। ਜੇ ਤੁਹਾਡੀ ਸਥਗਤ ਕਾਰਵਾਈ ਹੁੰਦੀ ਹੈ, ਤਾਂ ਤੁਸੀਂ ਕੁਝ ਹਲਾਤਾਂ ਵਿੱਚ ਵਿਦੇਸ਼ ਦੀ ਯਾਤਰਾ ਵੀ ਕਰ ਸਕਦੇ ਹੋ।

## ਸੀਮਾਵਾਂ ਅਤੇ ਜੋਖਮ

ਸਥਗਤ ਕਾਰਵਾਈ ਨਾ ਤੇ ਗ੍ਰੀਨ ਕਾਰਡ ਹਾਸਲ ਕਰਨ ਦਾ ਰਸਤਾ ਹੈ ਅਤੇ ਨਾ ਹੀ ਨਾਗਰਕਤਾ ਹਾਸਲ ਕਰਨ ਦਾ ਰਸਤਾ ਹੈ। ਨਾਗਰਕਤਾ ਹਾਸਲ ਕਰਨ ਦੇ ਰਸਤੇ ਦੀ ਭਾਲ ਕਰਨ ਲਈ, ਕਾਂਗਰੇਸ ਨੂੰ ਡ੍ਰੀਮ (DREAM) ਐਕਟ ਪਾਰਿਤ ਕਰਨਾ ਹੋਵੇਗਾ, ਇੱਕ ਅਜਿਹਾ ਮੁਅੱਤਲ ਕਨੂੰਨ ਜੋ ਉਨ੍ਹਾਂ ਪ੍ਰਵਾਸੀ ਜਵਾਨਾਂ ਤੇ, ਜੋ ਬੱਚਿਆਂ ਦੇ ਤੌਰ ਤੇ ਅਮਰੀਕਾ ਆਏ, ਜਾਂ ਪ੍ਰਵਾਸੀ ਸੁਧਾਰ ਦੇ ਕਿਸੇ ਰੂਪ ਤੇ ਲਾਗੂ ਹੋਵੇਗਾ। ਸਥਗਤ ਕਾਰਵਾਈ ਦੋ ਸਾਲਾਂ ਲਈ ਉਪਲਬਧ ਹੈ। ਦੋ ਸਾਲਾਂ ਦੇ ਅੰਤ ਤੇ ਆਪਣੀ ਅਰਜ਼ੀ ਨੂੰ ਮੁੜ ਨਵਾਂ ਕਰਾਉਣ ਲਈ, ਤੁਹਾਡਾ ਅਮਰੀਕੀ ਨਾਗਰਕਤਾ ਅਤੇ ਪ੍ਰਵਾਸੀ ਸੇਵਾਵਾਂ (USCIS) ਨੂੰ ਅਰਜ਼ੀ ਦੇਣਾ ਲਾਜ਼ਮੀ ਹੈ। ਭਾਵੇਂ ਜੇ ਤੁਸੀਂ ਪਾੱਤਰਤਾ ਦੇ ਮਾਪਦੰਡ ਨੂੰ ਪੂਰਾ ਕਰਦੇ ਹੋ, ਸਥਗਤ ਕਾਰਵਾਈ ਦੀ ਗਰੰਟੀ ਨਹੀਂ ਦਿੱਤੀ ਜਾਂਦੀ ਹੈ ਅਤੇ ਇਹ ਕਿਸੇ ਵੀ ਸਮੇਂ ਤੇ ਸਮਾਪਤ ਹੋ ਸਕਦੀ ਹੈ। ਜੇ ਤੁਸੀਂ ਅਰਜ਼ੀ ਦਿੰਦੇ ਹੋ ਅਤੇ ਤੁਸੀਂ ਗੰਭੀਰ ਪ੍ਰਵਾਸੀ ਉਲੰਘਣਾਵਾਂ ਕੀਤੀਆਂ ਹਨ, ਤਾਂ ਸਰਕਾਰ ਹਟਾਉਣ ਦੀਆਂ ਪਰਕਿਰਿਆਵਾਂ ਨੂੰ ਸ਼ੁਰੂ ਕਰ ਸਕਦੀ ਹੈ।

© 2012 Asian American Legal Defense and Education Fund

## ਅਰਜ਼ੀ ਕਿਵੇਂ ਦੇਣੀ ਹੈ

ਹਿਦਾਇਤਾਂ ਅਤੇ ਫਾਰਮਾਂ ਲਈ www.uscis.gov/childhoodarrivals ਤੇ ਜਾਓ। ਅਰਜ਼ੀ ਦੇਣ ਲਈ, ਤੁਹਾਡਾ ਸਥਗਤ ਕਾਰਵਾਈ ਦਾ ਫਾਰਮ (I-821D), ਸਹਾਇਕ ਦਸਤਾਵੇਜ਼, ਰੁੱਜਗਾਰ ਅਧਿਕਾਰ ਫਾਰਮ ਅਤੇ ਕਾਰਜ-ਪੱਤਰ (I-765 ਅਤੇ I-765WS), ਅਤੇ 2 ਪਾਸਪੋਰਟ ਆਕਾਰ ਦੀਆਂ ਫੋਟੋਆਂ ਨੂੰ ਜਮਾਂ ਕਰਾਉਣਾ ਲਾਜ਼ਮੀ ਹੈ।

ਸਹਾਇਕ ਦਸਤਾਵੇਜ਼ਾਂ ਨੂੰ ਚਾਰਟ ਵਿੱਚ 6 ਪਾੱਤਰਤਾ ਦੇ ਮਾਪਦੰਡਾਂ ਨੂੰ ਸਾਬਤ ਕਰਨਾ ਚਾਹੀਦਾ ਹੈ। ਉਨ੍ਹਾਂ ਦਸਤਾਵੇਜ਼ਾਂ ਨੂੰ ਇਕੱਤਰ ਕਰਨ ਲਈ "ਸਹਾਇਕ ਦਸਤਾਵੇਜ਼ਾਂ ਦੀ ਜਾਂਚ ਸੂਚੀ" ਦੀ ਵਰਤੋਂ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੋਵੇਗੀ।

## ਅਰਜ਼ੀ ਕਿੱਥੇ ਦੇਣੀ ਹੈ

ਤੁਹਾਡੀ ਐਪਲਿਕੇਸ਼ਨ ਭੇਜਣ ਲਈ ਪਤਾ ਉਸ ਪਰਦੇਸ਼ ਤੇ ਨਿਰਭਰ ਕਰਦਾ ਹੈ ਜਿੱਥੇ ਤੁਸੀਂ ਰਹਿੰਦੇ ਹੋ। www.ucsis.gov/childhoodarrivals ਦੀ ਜਾਂਚ ਕਰੋ।

## ਐਪਲਿਕੇਸ਼ਨ ਦੀਆਂ ਲਾਗਤਾਂ

ਐਪਲਿਕੇਸ਼ਨ ਫਾਰਮ ਲਈ ਕਿਸੇ ਵੀ ਫੀਸ ਦੀ ਲੋੜ ਨਹੀਂ ਹੁੰਦੀ ਹੈ, ਪਰ ਤੁਹਾਡਾ ਕੰਮ ਦੇ ਪਰਮਿਟ ਅਤੇ ਉਂਗਲੀ ਦੇ ਨਿਸ਼ਾਨ ਦੀ ਲੋੜ ਲਈ-"ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਟੀ" ਨੂੰ ਭੁਗਤਾਨਯੋਗ, $465 ਦੀ ਕੁਲ ਫੀਸ ਨੂੰ ਜਮਾਂ ਕਰਾਉਣਾ ਲਾਜ਼ਮੀ ਹੈ।

## ਸਹਾਇਕ ਦਸਤਾਵੇਜ਼ਾਂ ਦੀ ਜਾਂਚਸੂਚੀ

- ☐ ਤੁਹਾਡੇ ਮੂਲ ਦੇਸ਼ ਤੋਂ ਪਾਸਪੋਰਟ
- ☐ ਜਨਮ ਪ੍ਰਮਾਣ-ਪੱਤਰ
- ☐ I-94 ਫਾਰਮ ਜਾਂ ਉਸ ਮਿਤੀ ਨੂੰ ਦਰਸ਼ਾਉਂਦਾ ਹੋਇਆ ਪ੍ਰਵਾਸੀ ਦਸਤਾਵੇਜ਼ ਜਦੋਂ ਤੁਸੀਂ ਅਮਰੀਕਾ ਵਿੱਚ ਆਏ
- ☐ ਸਫਰ ਸਬੰਧੀ ਦਸਤਾਵੇਜ਼
- ☐ ਵਿੱਤੀ ਰਿਕਾਰਡ, ਜਿਵੇਂ ਕਿ ਬੈਂਕ ਦੀ ਸਟੇਟਮੈਂਟ, ਕਰ ਦੀ ਰਿਟਰਨਾਂ
- ☐ ਉਪਯੋਗਤਾ ਬਿਲ
- ☐ ਸਕੂਲ ਦੇ ਰਿਕਾਰਡ
- ☐ ਡਿਪਲੋਮਾ, GED ਪ੍ਰਮਾਣ-ਪੱਤਰ
- ☐ ਰਿਪੋਰਟ ਕਾਰਡ ਅਤੇ ਪ੍ਰਤੀਲਿਪੀਆਂ
- ☐ ਡਾਕਟਰੀ ਰਿਕਾਰਡ
- ☐ ਫੌਜੀ ਰਿਕਾਰਡ (ਕਰਮਚਾਰੀ, ਸਿਹਤ)
- ☐ ਕੋਈ ਵੀ ਅੰਤਿਮ ਆਦੇਸ਼ ਜਾਂ ਹਟਾਉਣ ਜਾਂ ਪ੍ਰਵਾਸੀ ਦਸਤਾਵੇਜ਼ਾਂ ਦੀਆਂ ਨਕਲਾਂ
- ☐ ਅਪਰਾਧਿਕ ਰਿਕਾਰਡਾਂ ਜਾਂ ਕਿਸੇ ਅਪਰਾਧਿਕ ਗਿਰਫਤਾਰੀ ਤੇ ਅਦਾਲਤੀ ਫੈਸਲਿਆਂ ਦੀ ਨਕਲਾਂ
- ☐ ਸਮੂਹਕ ਸਮਰਥਨ ਪੱਤਰ
- ☐ ਅਜਿਹੇ ਦਸਤਾਵੇਜ਼ ਜੋ ਤੁਹਾਡੇ ਪੱਖ ਵਿੱਚ ਕਾਰਕਾਂ ਨੂੰ ਦਰਸ਼ਾਉਂਦੇ ਹਨ, ਜਿਵੇਂ ਕਿ ਸਮੂਹਕ ਬੰਧਨ, ਗਤੀਵਿਧੀਆਂ, ਪੁਰਸਕਾਰ

## ਤੁਹਾਡੇ ਅਰਜ਼ੀ ਦੇਣ ਤੋਂ ਬਾਅਦ ਕੀ ਹੁੰਦਾ ਹੈ

ਤੁਹਾਡੇ ਦੁਆਰਾ I-821D ਨੂੰ ਜਮਾਂ ਕਰਾਉਣ ਤੋਂ ਬਾਅਦ, ਤੁਸੀਂ ਬਾਯੋਮੈਟ੍ਰਿਕਸ (ਉਂਗਲੀਆਂ ਦੇ ਨਿਸ਼ਾਨ) ਲਈ ਮੁਲਾਕਾਤ ਨਿਰਧਾਰਤ ਕਰਨ ਤੋਂ ਬਾਅਦ ਇੱਕ ਰਸੀਦ ਪ੍ਰਾਪਤ ਕਰੋਗੇ। ਪਿਛੋਕੜ ਦੀਆਂ ਜਾਂਚਾਂ ਦਾ ਸੰਚਾਲਨ ਕੀਤਾ ਜਾਵੇਗਾ, ਅਤੇ ਜੇ ਕੋਈ ਮਸਲਾ ਨਹੀਂ ਹੁੰਦਾ ਹੈ, ਤਾਂ USCIS ਡਾਕ ਦੁਆਰਾ ਤੁਹਾਨੂੰ ਲਿੱਖਤ ਫੈਸਲਾ ਭੇਜੇਗਾ। ਪਰ, ਕੁਝ ਮਾਮਲਿਆਂ ਵਿੱਚ ਕਿਸੇ ਵਿਅਕਤੀ ਨਾਲ ਆਮ੍ਹਣੇ-ਸਾਮ੍ਹਣੇ ਬੈਠ ਕੇ ਇੰਟਰਵਿਊ ਦੀ ਲੋੜ ਹੋ ਸਕਦੀ ਹੈ ਜਿਵੇਂ (1) ਕਿਸੇ ਅਜਿਹੇ "ਕਾਰਨ" ਲਈ, ਜਿਸ ਤੋਂ ਭਾਵ ਹੁੰਦਾ ਹੈ ਕਿ USCIS ਨੂੰ ਫੈਸਲਾ ਕਰਨ ਤੋਂ ਪਹਿਲਾਂ ਜਾਣਕਾਰੀ ਦੀ ਪੁਸ਼ਟੀ ਕਰਨ ਦੀ ਲੋੜ ਹੋ ਸਕਦੀ ਹੈ, ਜਾਂ (2) ਇੰਟਰਵਿਊ ਲੈਣ ਦੇ ਉਦੇਸ਼ਾਂ ਲਈ ਐਪਲਿਕੇਸ਼ਨਾਂ ਦਾ ਅਨੇਮਤ ਨਮੂਨਾ ਲੈਣ ਦੁਆਰਾ ਗੁਣਵੱਤਾ ਵਾਲੀਆਂ ਵਿਸ਼ਵਾਸ ਦਵਾਉਣ ਦੀਆਂ ਪਰਕਿਰਿਆਵਾਂ ਲਈ।

## ਕੀ ਹੁੰਦਾ ਹੈ ਜੇ USCIS ਸਥਗਤ ਕਾਰਵਾਈ ਨੂੰ ਅਸਵੀਕਾਰ ਕਰਦਾ ਹੈ

ਅਪੀਲਾਂ ਦੀ ਕੋਈ ਵੀ ਪਰਕਿਰਿਆ ਨਹੀਂ ਹੁੰਦੀ ਹੈ। ਪਰ, ਤੁਸੀਂ 1-800-375-5283 ਤੇ ਕਾਲ ਕਰਨ ਦੁਆਰਾ ਸੇਵਾ ਦੀ ਬੇਨਤੀ ਕਰਨ ਦੇ ਯੋਗ ਹੋ ਸਕਦੇ ਹੋ ਅਤੇ "ਸਮੀਖਿਆ" ਲਈ ਕਹਿ ਸਕਦੇ ਹੋ।

## ਮੁਫਤ ਕਨੂੰਨੀ ਸਲਾਹ ਅਤੇ ਸਮਰਥਨ

AALDEF ਦੇ ਜਵਾਨ ਲੋਕਾਂ ਨੂੰ ਕਨੂੰਨੀ ਸਲਾਹ ਅਤੇ ਪੇਸ਼ਕਸ਼ ਪ੍ਰਦਾਨ ਕਰਨ ਲਈ ਮੁਫਤ ਕਨੂੰਨੀ ਕਲੀਨਿਕ ਹਨ। AALDEF ਬਿਨਾਂ ਦਸਤਾਵੇਜ਼ਾਂ ਵਾਲੇ ਏਸ਼ੀਆ ਅਮਰੀਕੀ ਜਵਾਨ ਲੋਕਾਂ ਲਈ ਇੱਕ ਸੁਰੱਖਿਅਤ ਥਾਂ ਪ੍ਰਦਾਨ ਕਰਨ ਅਤੇ ਜਾਇਜ਼ ਠਹਿਰਾਉਣ ਪ੍ਰਤੀ ਸਿਰਫ ਇੱਕ ਰਾਹ ਲਈ ਆਪਣੇ ਸਮੁਦਾਇਆਂ ਵਿੱਚ ਆਯੋਜਨ ਕਰਨ ਦਾ ਸਮਰਥਨ ਕਰਨ ਲਈ ਜਵਾਨ ਸਮੂਹ ਦਾ ਆਯੋਜਨ ਕਰਦਾ ਹੈ। ਵਧੇਰੀ ਜਾਣਕਾਰੀ ਲਈ ਵੇਖੋ: http://aaldef.org/obamas-dream-act-directive-on-deferred-action----faqs.html. ਜੇ ਤੁਸੀਂ ਕਨੂੰਨੀ ਕਲੀਨਿਕ ਵਿਖੇ ਮੁਲਾਕਾਤ ਨੂੰ ਨਿਰਧਾਰਤ ਕਰਨ ਵਿੱਚ ਦਿਲਚਸਪੀ ਰੱਖਦੇ ਹੋ ਜਾਂ ਜਵਾਨ ਸਮੂਹ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ AALDEF ਨਾਲ ਇੱਥੇ ਸੰਪਰਕ ਕਰੋ: info@aaldef.org ਜਾਂ 212-966-5932.

© 2012 Asian American Legal Defense and Education Fund